# ਪਿੱਛਲ ਪੈਰੀ

(ਨਾਟਕ)

ਬਲਵੰਤ ਗਾਰਗੀ

# ਪਾਤਰ

ਦਲੀਪ — ਇਕ ਯੁਵਕ

ਨਿਰਮਲਾ — ਉਸ ਦੀ ਪਤਨੀ

ਗੁੱਡੂ — ਉਨ੍ਹਾਂ ਦਾ ਬੱਚਾ

ਬਿਕਰਮ — ਦਲੀਪ ਦਾ ਦੋਸਤ

ਆਯਾ

ਗੁਫ਼ਾਰਾ

ਜ਼ੂਨੀ

# ਪਿੱਛਲ ਪੈਰੀ

ਕਸ਼ਮੀਰ ਵਿਚ ਇਕ ਹਾਊਸ ਬੋਟ ਦਾ ਡਰਾਇੰਗ ਰੂਮ। ਖਿੜਕੀ ਦੇ ਹਲਕੇ ਨੀਲੇ ਪਰਦਿਆਂ ਪਿਛੋਂ ਧੁੰਦਲੀਆਂ ਪਹਾੜੀਆਂ ਤੇ ਚਿਨਾਰ ਦੇ ਸੁੱਕੇ ਹੋਏ ਦਰਖ਼ਤਾਂ ਦਾ ਝਉਲਾ ਨਜ਼ਰ ਆਉਂਦਾ ਹੈ।

ਸੋਫ਼ੇ ਉਤੇ ਨਿਰਮਲਾ ਮੂੰਹ ਸੁਟੀ ਸਿਸਕੀਆਂ ਭਰ ਰਹੀ ਹੈ।

ਕੁਰਸੀ ਉਤੇ ਬੈਠਾ ਬਿਕਰਮ ਮੇਜ਼ ਉਤੇ ਝੁਕਿਆ ਹੋਇਆ ਛੇਤੀ ਛੇਤੀ ਕੁਝ ਲਿਖ ਰਿਹਾ ਹੈ ਤੇ ਲਿਖ ਲਿਖ ਪੰਨੇ ਹੇਠਾਂ ਫ਼ਰਸ਼ ਉਤੇ ਖਿਲਾਰੀ ਜਾਂਦਾ ਹੈ।

ਬਿਕਰਮ —(ਕਾਗ਼ਜ਼ ਨੂੰ ਚੁਕ ਕੇ ਪੜ੍ਹਦਾ ਹੈ) ਝੀਲ ਦੇ ਕੰਢੇ ਉਗੇ ਸਾਰੇ ਚਿਨਾਰ ਸੁਰਖ਼ ਹੋ ਗਏ ਨੇ। ਉਨ੍ਹਾਂ ਦੇ ਪੱਤੇ ਡਿਗ ਰਹੇ ਹਨ। ਸਾਵੀ ਸਾਵੀ ਘਾਹ ਉਤੇ ਇਹ ਪੱਤੇ ਇਉਂ ਜਾਪਦੇ ਹਨ ਜਿਵੇਂ ਸੁਨਹਿਰੀ ਮੁੱਠੀਆਂ ਹੋਣ। ਕੂਲੀ ਬਰਫ਼ ਨਾਲ ਢਕੀਆਂ ਹੋਈਆਂ ਪਹਾੜੀਆਂ —

[ਨਿਰਮਲਾ ਸਿਰ ਚੁੱਕਦੀ ਹੈ ਤੇ ਤਿੱਖੀਆਂ ਚੁਭਵੀਆਂ ਨਜ਼ਰਾਂ ਨਾਲ ਬਿਕਰਮ ਵਲ ਤੱਕਦੀ ਹੈ।

ਨਿਰਮਲਾ — ਬਰਫ਼ ਨਾਲ ਢਕੀਆਂ ਪਹਾੜੀਆਂ। ਬਰਫ਼ ਨਾਲ ਢਕੀਆਂ ਪਹਾੜੀਆਂ......

[ਉਹ ਉਠਦੀ ਹੈ ਤੇ ਉਸ ਦੇ ਕਾਗ਼ਜ਼ ਖੋਹ ਲੈਂਦੀ ਹੈ।

ਬਿਕਰਮ — ਹੈਂ ਹੈਂ ! ਕੀ ਕਰਦੀ ਐਂ ?

ਨਿਰਮਲਾ — ਇਹ ਸਾਰੇ ਨਾਟਕ ਪਾੜ ਕੇ ਸੁਟ ਦਿਆਂਗੀ।

ਬਿਕਰਮ — ਹੈਂ ਹੈਂ ?

ਨਿਰਮਲਾ — ਉਹ ਜਾਂਦੀਆਂ ਹਨ ਤਰੀਆਂ ਬਰਫ਼ ਨਾਲ ਢਕੀਆਂ ਪਹਾੜੀਆਂ !

[ਖਿੜਕੀ ਵਿਚੋਂ ਬਾਹਰ ਸੁਟਣ ਲਗਦੀ ਹੈ। ਉਹ ਖੋਹ ਲੈਂਦਾ ਹੈ।

ਬਿਕਰਮ — ਛੱਡ !

ਨਿਰਮਲ — ਬਸ ਇਥੇ ਬੈਠਾ ਲਿਖਦਾ ਰਹੇਂਗਾ ਸਾਰਾ ਦਿਨ ! ਜਿਵੇਂ ਲਿਖਣਾ ਆਪਣੀ ਭੈਣ ਦੇ ਦੁੱਖ ਨਾਲੋਂ ਜ਼ਿਆਦਾ ਜ਼ਰੂਰੀ ਹੈ। ਹਾਏ ! ਮੈਨੂੰ ਇਹ ਵੀ ਨਹੀਂ ਪਤਾ ਕਿ ਦਲੀਪ ਕਿਥੇ ਹੈ।

[ਖਿੜਕੀ ਵਿਚੋਂ ਬਾਹਰ ਝਾਕ ਕੇ।

ਚੁਫੇਰੇ ਧੁੰਦ ਏ। ਕੋਈ ਚੀਜ਼ ਨਹੀਂ ਦਿਸਦੀ। ਊਂ...ਊਂ...ਊਂ।

[ਉਹ ਫਿਰ ਸੋਫ਼ੇ ਉਤੇ ਢਹਿ ਪੈਂਦੀ ਹੈ। ਗੁਫ਼ਾਰਾ ਟਰੇ ਵਿਚ ਸਿਉ ਤੇ ਚਾਹ ਲੈ ਕੇ ਆਉਂਦਾ ਹੈ।

ਗੁਫ਼ਾਰਾ — ਮੇਮ ਸਾਹਿਬ ! ਚਾਏ ਤਿਆਰ ਹੈ।

ਨਿਰਮਲਾ — ਲੈ ਜਾ ਚਾਹ, ਤਬੀਅਤ ਨਹੀਂ ਠੀਕ।

ਬਿਕਰਮ — ਰਖ ਦੋ ਮੇਜ਼ ਪਰ ਗੁਫ਼ਾਰਾ, ਔਰ ਜਾਓ।

ਗੁਫ਼ਾਰਾ — ਮੇਮ ਸਾਹਿਬ ਆਪ ਅਗਰ ਸੇਬ ਖਾਏਂਗੀ ਤੋਂ ਆਪ ਕੇ ਬਦਨ ਮੇਂ ਤਾਕਤ ਆਏਗੀ। ਯੇ ਦਿਲ ਕੀ ਘਬਰਾਹਟ ਕੇ ਲੀਏ ਤਵਾਨਾ ਹੈ।

ਨਿਰਮਲਾ — ਅਛਾ ਸਿਰ ਨਾ ਖਾਹ ਤੇ ਜਾ !

[ਗੁਫ਼ਾਰਾ ਚਲਾ ਜਾਂਦਾ ਹੈ।

ਬਿਕਰਮ — ਇੰਜ ਤਾਂ ਨਾ ਬੋਲ ਵਿਚਾਰੇ ਨੂੰ।

ਨਿਰਮਲਾ — ਮੈਨੂੰ ਪਤਾ ਏ ਤੂੰ ਏਨ੍ਹਾਂ ਬਾਰੇ ਈ ਕੁਝ ਲਿਖ ਰਿਹਾ ਏਂ। ਇਹ ਕਸ਼ਮੀਰੀ ਉਪਰੋਂ ਦੇਖਣ ਨੂੰ ਬੜੇ ਮਸਕੀਨ ਨੇ, ਪਰ ਵਿਚੋਂ ਚੋਰ !

ਬਿਕਰਮ — ਵਿਚਾਰਾ ਗ਼ਰੀਬ !

ਨਿਰਮਲਾ — ਗ਼ਰੀਬੀ ਤੇ ਇਨ੍ਹਾਂ ਦਾ ਸ੍ਵਾਂਗ ਏ। ਪਰਸੋਂ ਮੈਂ ਇਕ ਲਾਲ ਰੰਗੀ ਪਸ਼ਮੀਨੇ ਦੀ ਸ਼ਾਲ ਦਾ ਸੌਦਾ ਕੀਤਾ। ਉਸ ਸੱਤਰ ਸੁਣਾਏ, ਮੈਂ ਵੀਹ ਰੁਪਏ ਦਸੇ। ਛੇਕੜ ਤੀਹਾਂ ਵਿਚ ਮੰਨ ਗਿਆ। ਉਸ ਸ਼ਾਲ ਉਤੇ ਰਤਾ ਛਿਟਾ ਪਿਆ ਤੇ ਕੱਚਾ ਰੰਗ ਫਿਟ ਗਿਆ। ਜਿਸ ਨੂੰ ਉਹ ਪਸ਼ਮੀਨਾ ਆਖਦਾ ਸੀ, ਘਟੀਆ ਤੇ ਮਿਲਵੀਂ ਉੱਨ ਨਿਕਲੀ। ਤੈਨੂੰ ਇਨ੍ਹਾਂ ਤੇ ਤਰਸ ਆਉਂਦਾ ਏ ? ਇਨ੍ਹਾਂ ਚੋਰਾਂ ਤੇ ? ਇਸ ਕਿਸ਼ਤੀ ਨੂੰ ਈ ਦੇਖ ! (ਜ਼ੋਰ ਦੀ ਪੈਰ ਮਾਰ ਕੇ) ਰਤਾ ਤੇਜ਼ ਚਲੋ ਚਰਰ ਚਰਰ ਕਰਨ ਲਗਦੀ

ਏ। ਇਹ ਗੁਫ਼ਾਰਾ, ਇਹਦੀ ਬੀਵੀ ਤੇ ਬੱਚਾ ਤਿੰਨੇ ਚੁਰਾ ਕੇ ਸਾਡੇ ਰਾਸ਼ਨ 'ਚੋਂ ਰੋਟੀ ਖਾਂਦੇ ਨੇ। ਤੂੰ ਇਨ੍ਹਾਂ ਨੂੰ ਚੰਗਾ ਸਮਝਣਾ ਏਂ? ਚੋਰ! ਲੁਟੇਰੇ! ਬੁਖ਼ਾਰੀ ਵਿਚ ਚੀਲ੍ਹ ਦੀ ਲਕੜੀ ਬਾਲਦੇ ਨੇ, ਜਿਸ ਦਾ ਧੂੰਆਂ ਬਹੁਤਾ ਤੇ ਅੱਗ ਥੋੜੀ! ਅਜ ਕਲ੍ਹ ਏਥੇ ਸਰਦੀਆਂ ਵਿਚ ਕੌਣ ਆਉਂਦਾ ਏ? ਸਾਰੀਆਂ ਹਾਊਸ ਬੋਟਾਂ ਖ਼ਾਲੀ ਪਈਆਂ ਨੇ।

ਬਿਕਰਮ — (ਉਠ ਕੇ) ਉਹ ਚਾਹ, ਸੇਬ ਤੇ ਮੱਖਣ ਰਖ ਗਿਆ ਏ, ਖਾ ਲੈ। ਤੇਰੀ ਤਬੀਅਤ ਠੀਕ ਹੋ ਜਾਵੇਗੀ।

ਨਿਰਮਲਾ — ਨਹੀਂ, ਨਹੀਂ!

ਬਿਕਰਮ — ਉਠ!

ਨਿਰਮਲਾ — ਨਹੀਂ!

ਬਿਕਰਮ — ਜ਼ਿਦ ਨਾ ਕਰ।

ਨਿਰਮਲਾ — ਮੇਰੇ ਦਿਲ ਵਿਚ ਡੋਬ ਪੈਂਦੇ ਨੇ। ਸਾਹਮਣੀ ਖਿੜਕੀ ਬੰਦ ਕਰ ਦੇ। ਠੰਢ ਆਉਂਦੀ ਏ।

[ਉਹ ਖਿੜਕੀ ਵਲ ਜਾਂਦਾ ਹੈ।

ਬਿਕਰਮ — ਬਾਹਰ ਬਹੁਤ ਸੋਹਣਾ ਮੌਸਮ ਏ! ਸ਼ੰਕਰ ਚਾਰੀਆ ਪਰਬਤ ਦੀ ਟੀਸੀ ਉਤੇ ਸੂਰਜ ਦੀਆਂ ਕਿਰਨਾਂ ਫੁਟ ਪਈਆਂ ਨੇ। ਸਾਰੀ ਧੁੰਦ ਛਟ ਗਈ ਏ।

ਨਿਰਮਲਾ — (ਖਿਝ ਕੇ) ਬੰਦ ਕਰ ਦੇ ਨਾ!

[ਬਿਕਰਮ ਖਿੜਕੀ ਬੰਦ ਕਰਦਾ ਹੈ।

ਕਿੰਨੀ ਠੰਢ ਹੈ ਏਥੇ! ਪਰਸੋਂ ਮੈਨੂੰ ਸਰਦੀ ਲਗ ਗਈ, ਹੁਣ ਤੀਕ ਜੋੜਾਂ ਵਿਚ ਦਰਦ ਏ। ਮੇਰੇ ਮਥੇ ਵਿਚ ਠੰਢ ਵੜ ਗਈ ਏ। ਪੁੜਪੁੜੀਆਂ ਵਿਚ ਚੀਸਾਂ ਵਜਦੀਆਂ ਨੇ ਤੇ ਅੱਖਾਂ ਅਗੇ ਭੰਬੂ-ਤਾਰੇ ਨੱਚਦੇ ਨੇ। (ਸਾਹ ਭਰਕੇ) ਪਤਾ ਨਹੀਂ ਕਿਥੇ ਏਂ ਦਲੀਪ?

ਬਿਕਰਮ — ਤੈਨੂੰ ਤਾਰ ਦਿਖਾ ਤਾਂ ਦਿਤੀ ਏ ਕਿ ਅਜ ਉਹ ਦਿੱਲੀਉਂ ਜਹਾਜ਼ ਤੇ ਸਵਾਰ ਹੋ ਕੇ ਹਰ ਹਾਲਤ ਵਿਚ ਇਥੇ ਪੁਜ ਰਿਹਾ ਏ।

ਨਿਰਮਲਾ — ਦਿੱਲੀ ਤੋਂ ਜਹਾਜ਼ ਦਾ ਸਫ਼ਰ ਸਿਰਫ਼ ਦੋ ਘੰਟੇ ਪੈਂਤੀ ਮਿੰਟ ਦਾ ਏ। ਸਵੇਰੇ ਦਸ ਵਜੇ ਚਲਿਆ ਸੀ ਜਹਾਜ਼। ਹੁਣ ਦੋ ਵਜ ਚੁਕੇ ਨੇ, ਹਾਲੇ ਤੀਕ ਨਹੀਂ ਪੁਜਿਆ।

ਬਿਕਰਮ — ਸ਼ਾਇਦ ਦੇਰ ਨਾਲ ਉਡਿਆ ਹੋਵੇ, ਤੇ ਰਾਹ ਵਿਚ ਜੰਮੂ ਉਤਰ ਗਿਆ ਹੋਵੇ।

ਨਿਰਮਲਾ — ਨਹੀਂ ਇਹ ਜਹਾਜ਼ ਡਾਕ ਦਾ ਨਹੀਂ, ਫ਼ੌਜੀ ਸਰਵਸ ਦਾ ਜਹਾਜ਼ ਏ। ਕਿਤੇ ਨਹੀਂ ਠਹਿਰਦਾ, ਸਿੱਧਾ ਸਿਰੀਨਗਰ ਆਉਂਦਾ ਏ। ਖੌਰੇ ਰਾਹ ਵਿਚ ਕਿਤੇ ...

ਬਿਕਰਮ — ਐਵੇਂ ਸੰਸੇ ਨਾ ਲਾ, ਉਹ ਆ ਜਾਵੇਗਾ। ਚਾਹ ਦਾ ਸੁਆਦ ਨਾ ਖ਼ਰਾਬ ਕਰ। ਇਕ ਪਿਆਲਾ ਪੀ ਲੈ।

ਨਿਰਮਲਾ — ਮੇਰੇ ਹੱਥਾਂ ਪੈਰਾਂ ਨੂੰ ਪਈ ਏ ਤੇ ਇਸ ਨੂੰ ਚਾਹਾਂ ਸੁਝਦੀਆਂ ਨੇ। ਉਸ ਆਖਿਆ ਸੀ ਕਿ ਦੋ ਦਿਨਾਂ ਵਿਚ ਈ ਪੁਜ ਜਾਵੇਗਾ। ਅੱਜ ਛੇ ਦਿਨ ਹੋ ਗਏ ਨੇ। ਪਤਾ ਨਹੀਂ ਕਿਥੇ ਏ ਉਹ? ਰਾਹ ਵਿਚ ... ਮੌਸਮ ਐਡਾ ਖ਼ਰਾਬ ਏ ...

ਬਿਕਰਮ — ਤੂੰ ਘਾਬਰ ਨਾ, ਮੈਂ ਹੁਣੇ ਜਾ ਕੇ ਪਤਾ ਕਰਦਾ ਹਾਂ ਕਿ ਜਹਾਜ਼ ਆ ਗਿਆ ਏ ਕਿ ਨਹੀਂ?

ਨਿਰਮਲਾ — ਚਾਰ ਵਾਰ ਤੈਨੂੰ ਆਖਿਆ ਕਿ ਟੈਲੀਫ਼ੂਨ ਕਰ ਦੇ, ਤੂੰ ਉਹ ਵੀ ਨਹੀਂ ਕਰ ਸਕਿਆ।

ਬਿਕਰਮ — ਟੈਲੀਫ਼ੂਨ ਨੇੜੇ ਤੇੜੇ ਹੈ ਵੀ ਤਾਂ ਕਿਤੇ ਨਹੀਂ। ਇਹ ਬੰਨ੍ਹ ਟੱਪ ਕੇ ਤੇ ਚਿੱਕੜ ਵਿਚੋਂ ਲੰਘ ਕੇ ਜਾਵਾਂਗਾ ਡਾਕਟਰ ਗੰਜੂ ਦੀ ਹੱਟੀ। ਬੜੇ ਭੈੜੇ ਸੁਭਾ ਵਾਲਾ ਹੈ ਇਹ ਡਾਕਟਰ। ਪਰਸੋਂ ਅੱਧਾ ਘੰਟਾ ਇੰਤਜ਼ਾਰ ਕਰਵਾਇਆ ਤਾਂ ਕਿਤੇ ਟੈਲੀਫ਼ੂਨ ਨੂੰ ਹੱਥ

ਲਾਉਣ ਦਿਤਾ। ਕਮੀਨਾ!

ਨਿਰਮਲਾ — ਉਸ ਤੋਂ ਅੱਗੇ ਆਹਜੂ ਦੇ ਹੋਟਲ ਤੋਂ ਟੈਲੀਫ਼ੂਨ ਕਰ ਦੇਵੀਂ।

ਬਿਕਰਮ — ਹੁਣੇ ਜਾ ਕੇ ਟੈਲੀਫ਼ੂਨ ਕਰਦਾ ਹਾਂ।

ਨਿਰਮਲਾ — 'ਹੁਣੇ' 'ਹੁਣੇ'! ਅੱਧਾ ਘੰਟਾ ਹੋ ਗਿਆ 'ਹੁਣੇ' 'ਹੁਣੇ' ਸੁਣਦੀ ਨੂੰ! ਊਂ ਊਂ ਊਂ!

[ਉਹ ਫਿਰ ਸੋਫ਼ੇ ਉਤੇ ਡਿਗ ਕੇ ਸਿਸਕੀਆਂ ਭਰਦੀ ਹੈ। ਬਾਹਰੋਂ ਗੁਫ਼ਾਰੇ ਦੀ ਉੱਚੀ ਹਾਕ ਸੁਣਦੀ ਹੈ, 'ਇਧਰ ਸਾਹਬ'! ਨਿਰਮਲਾ ਇਕ ਦਮ ਸਿਰ ਚੁਕਦੀ ਹੈ। ਕਿਸੇ ਜਾਣੀ ਪਛਾਣੀ ਆਵਾਜ਼ ਨੂੰ ਸੁਣ ਕੇ ਉਸ ਦਾ ਚੇਹਰਾ ਖਿੜ ਉਠਦਾ ਹੈ।

ਨਿਰਮਲਾ — ਕੌਣ ? — ਕੌਣ ਏ ?

[ਦਲੀਪ ਅੰਦਰ ਦਾਖ਼ਲ ਹੁੰਦਾ ਹੈ। ਸਰਦੀ ਨਾਲ ਉਸ ਦੇ ਹੱਥ ਕੰਨ ਨੀਲੇ ਹੋ ਰਹੇ ਹਨ।

(ਦੇਖ ਕੇ) ਦਲੀਪ!

[ਉਹ ਦੌੜ ਕੇ ਦਲੀਪ ਨੂੰ ਜੱਫੀ ਪਾਉਂਦੀ ਹੈ।

(ਖੁਸ਼ੀ ਨਾਲ) ਅਸੀਂ ਤੁਹਾਡੀਆਂ ਈ ਗੱਲਾਂ ਕਰ ਰਹੇ ਸਾਂ। ਹੁਣੇ ਮੈਂ ਤੁਹਾਨੂੰ ਈ ਯਾਦ ਕਰ ਰਹੀ ਸਾਂ। ਸ਼ੁਕਰੈ ਤੁਸੀਂ ਆ ਗਏ ਹੋ। ਸ਼ੁਕਰੈ!

[ਦਲੀਪ ਬਿਕਰਮ ਨਾਲ ਗਰਮਜੋਸ਼ੀ ਨਾਲ ਹੱਥ ਮਿਲਾਉਂਦਾ ਹੈ।

ਦਲੀਪ — ਬਾਹਰ ਹਾਤੋ ਮੇਰਾ ਸਾਮਾਨ ਲਈ ਖੜਾ ਏ।

ਨਿਰਮਲਾ — (ਹਾਕ ਮਾਰ ਕੇ) ਗੁਫਾਰਾ ! ਗੁ...ਫਾ...ਰਾ ! ਸਾਮਾਨ

ਉਤਰਵਾਉ ! ਬੈੱਡਰੂਮ ਵਿਚ ਸਾਰੀਆਂ ਚੀਜ਼ਾਂ ਰਖਵਾ ਦੇ !

[ਇਹ ਆਖਦੀ ਹੋਈ ਉਹ ਬਾਹਰ ਚਲੀ ਜਾਂਦੀ ਹੈ ।

ਦਲੀਪ — ਬਾਹਰ ਬੜੀ ਸਰਦੀ ਏ ।

ਬਿਕਰਮ — ਹਾਂ, ਸਰਦੀ ਦੀ ਪਹਿਲੀ ਲਹਿਰ ਸ਼ੁਰੂ ਹੋ ਗਈ ਏ । ਹੁਣ ਮਾਰਚ ਤੀਕ ਇਕੋ ਸਾਹ ਸਰਦੀ ਪਏਗੀ ;

ਦਲੀਪ — ਏਥੇ ਆ ਕੇ ਕੁਝ ਕੰਮ ਕੀਤਾ ?

ਬਿਕਰਮ — ਇਕ ਨਾਟਕ ਲਿਖਿਆ ਏ "ਸੁਰਖ਼ ਚਿਨਾਰ" ।

ਦਲੀਪ — ਖ਼ਤਮ ਹੋ ਗਿਆ ?

ਬਿਕਰਮ — ਬਸ ਖ਼ਤਮ ਕਰ ਰਿਹਾ ਆਂ ।

ਦਲੀਪ — ਕਿੰਨਾ ਕੁ ਰਹਿੰਦਾ ਏ ?

ਬਿਕਰਮ — ਖ਼ਤਮ ਤਾਂ ਮੈਂ ਪਰਸੋਂ ਦਾ ਈ ਕਰ ਲੈਂਦਾ, ਪਰ ਨਿਰਮਲਾ ਸਾਹ ਈ ਨਹੀਂ ਲੈਣ ਦੇਂਦੀ । ਹਰ ਵੇਲੇ ਤੇਰੀ ਰਟ ਲਾਈ ਰਖਦੀ ਹੈ । ਰੋਟੀ ਖਾਣ ਲਗੇ, ਚਾਹ ਪੀਣ ਲਗੇ, ਸ਼ਿਕਾਰੇ ਦੀ ਸੈਰ ਕਰਨ ਜਾਣ ਲਗੇ — ਹਰ ਵੇਲੇ ਤੇਰੀ ਮੁਹਾਰਨੀ ਰਟੀ ਰਖਦੀ ਏ । ਪਰਸੋਂ ਨਿਸ਼ਾਤ ਬਾਗ਼ ਜਾਣਾ ਸੀ ਤਾਂ ਉਸ ਇਨਕਾਰ ਕਰ ਦਿਤਾ । ਕਹਿਣ ਲਗੀ ਜਦ ਦਲੀਪ ਆਏਗਾ ਤਾਂ ਇਕੱਠੇ ਚਲਾਂਗੇ ।

ਦਲੀਪ — (ਮੁਸਕਰਾ ਕੇ) ਉਹ !

[ਦਲੀਪ ਬਰਸਾਤੀ ਨੂੰ ਸੋਫ਼ੇ ਉਤੇ ਫੈਲਾ ਦੇਂਦਾ ਹੈ ਅਤੇ ਦਹਿਕਦੀ ਬੁਖਾਰੀ ਤੋਂ ਹੱਥ ਸੇਕਦਾ ਹੈ ।

ਬਿਕਰਮ — ਦਿਨ ਵਿਚ ਕਈ ਵਾਰ ਮੇਰੇ ਨਾਲ ਉਲਝ ਪੈਂਦੀ ਏ । ਹੁਣ ਮੈਂ ਡਰਾਮੇ ਦਾ ਪਿਛਲਾ ਸੀਨ ਲਿਖ ਰਿਹਾ ਸਾਂ. ਬੜਾ

ਮਜ਼ੇਦਾਰ ਸੀਨ — ਪਰ ਉਸ ਗ਼ੁੱਸੇ ਵਿਚ ਆ ਕੇ ਸਾਰੇ ਵਰਕੇ ਭਵਾਂ ਮਾਰੇ।

ਦਲੀਪ — ਕਿਉਂ ?

ਬਿਕਰਮ — ਉਤਾਵਲੀ। ਕਾਹਲੀ ਪਾ ਛੱਡੀ ਸੀ — 'ਜਾ ਜਾ ਕੇ ਜਹਾਜ਼ ਦੇਖ ਕੇ ਆ ! ਟੈਲੀਫ਼ੂਨ ਕਰਕੇ ਪੁਛ !'

[ਨਿਰਮਲਾ ਫਲਾਂ ਦੀ ਟੋਕਰੀ ਲਈ ਅੰਦਰ ਆਉਂਦੀ ਹੈ।

ਨਿਰਮਲਾ — ਕੀ ਗੱਲ ਏ ? — ਜ਼ਰੂਰ ਮੇਰੀਆਂ ਸ਼ਕਾਇਤਾਂ ਲਗਾ ਰਿਹਾ ਹੋਣਾ ਏ।

ਦਲੀਪ — ਨਹੀਂ, ਸਗੋਂ ਤਾਰੀਫ਼ ਕਰ ਰਿਹਾ ਸੀ।

ਨਿਰਮਲਾ — (ਵਰਕੇ ਸੰਭਾਲ ਕੇ) ਲਉ ਲਿਖਾਰੀ ਜੀ, ਇਹ ਕਾਗ਼ਜ਼ ਸਾਂਭੋ ਤੇ ਬੇਸ਼ਕ ਬੈਠ ਕੇ ਲਿਖੋ !

[ਬਿਕਰਮ ਕਾਗ਼ਜ਼ ਸੰਭਾਲਦਾ ਹੈ ਤੇ ਦੂਜੇ ਕਮਰੇ ਵਿਚ ਚਲਾ ਜਾਂਦਾ ਹੈ।

ਨਿਰਮਲਾ — ਦੇਖੇ ਨੇ ਇਹ ਸੇਬ ! ਸਿਰਫ਼ ਤਿੰਨ ਆਨੇ ਸੇਰ। ਦਿੱਲੀ ਇਹੋ ਅੱਠ ਰੁਪਏ ਸੇਰ ਮਿਲਦੇ ਨੇ। ਲਾਲ ਲਾਲ ਸੇਬ ! (ਪਿਆਰ ਨਾਲ) ਇਨ੍ਹਾਂ ਨੂੰ ਖਾ ਕੇ ਤੁਹਾਡੀਆਂ ਗੱਲ੍ਹਾਂ ਵੀ ਇਸੇ ਤਰ੍ਹਾਂ ਲਾਲ ਹੋ ਜਾਣਗੀਆਂ। (ਹਾਕ ਮਾਰਦੀ ਹੈ।) ਗੁਫਾਰਾ ! ਗੁਫਾਰਾ ! ਚਾਏ ਲੇ ਆਉ। ਸੇਬੋਂ ਕੀ ਫਾਂਕੇ ਸੇਂਕ ਕਰ ਲਾਨਾ, ਔਰ ਅਖ਼ਰੋਟ ਔਰ ਬਾਦਾਮ ਭੀ। (ਦਲੀਪ ਨੂੰ) ਏਥੋਂ ਦੇ ਅਖ਼ਰੋਟ ਮੱਖਣ ਵਾਂਗ ਨਰਮ ਨੇ।

ਦਲੀਪ — ਗੁਫਾਰੇ ਨੂੰ ਆਖ ਕੇ ਮੇਰੀ ਬਰਸਾਤੀ ਸੁਕਣੇ ਪਾ ਦੇਵੀਂ।

ਨਿਰਮਲਾ — ਰਸਤੇ ਵਿਚ ਮੀਂਹ ਪਿਆ ਸੀ ?

ਦਲੀਪ — ਨਹੀਂ, ਧੁੰਦ ਐਨੀ ਗਾਹੜੀ ਸੀ ਕਿ ਬਰਸਾਤੀ ਸਿੱਲ੍ਹੀ ਹੋ ਗਈ।

ਨਿਰਮਲਾ — ਜਹਾਜ਼ ਐਨਾ ਚਿਰਕਾ ਕਿਉਂ ਪੁਜਿਆ ?

ਦਲੀਪ — ਰਸਤੇ ਵਿਚ ਜੰਮੂ ਠਹਿਰ ਗਿਆ ਸੀ, ਡੇਢ ਘੰਟਾ ਉਥੇ ਲੇਟ ਹੋ ਗਿਆ। ਮੌਸਮ ਖ਼ਰਾਬ ਹੋਣ ਕਰਕੇ ਦਿੱਲੀ ਤੋਂ ਚਲਿਆ ਵੀ ਰਤਾ ਚਿਰਕਾ ਈ ਸੀ।

ਨਿਰਮਲਾ — ਏਥੇ ਕਿੰਨਾ ਸੋਹਣਾ ਮੌਸਮ ਏ ! ਮੇਰੇ ਨਾਲ ਨਸ਼ਾਤ ਬਾਗ਼, ਸ਼ਾਲਾਮਾਰ ਤੇ ਗੁਲਮਰਗ ਚੱਲੋਗੇ ਨਾ ?

ਦਲੀਪ — ਹਾਂ।

ਨਿਰਮਲਾ — ਕਸ਼ਮੀਰ ਦੀ ਸਰਦ ਰੁੱਤ ਗਰਮੀ ਨਾਲੋਂ ਕਿਤੇ ਸੋਹਣੀ ਏ। ਰਾਤਾਂ ਠਰੀਆਂ ਹੋਈਆਂ, ਚਾਨਣੀ ਜੰਮੀ ਹੋਈ, ਦਰਖ਼ਤ ਸ਼ਾਂਤ ਚੁੱਪ ਚਾਪ, ਅਖ਼ਰੋਟਾਂ ਦੀਆਂ ਪਤਲੀਆਂ ਤਾਰਾਂ ਵਰਗੀਆਂ ਟਹਿਣੀਆਂ ਉਲਝੀਆਂ ਹੋਈਆਂ ਜਿਵੇਂ ਕਿਸੇ ਕਸ਼ਮੀਰਨ ਦੇ ਅਨਧੋਤੇ ਵਾਲ ਹੋਣ। ਪਤਾ ਨਹੀਂ ਲੋਗ ਇਥੇ ਗਰਮੀ ਵਿਚ ਕਿਉਂ ਆਉਂਦੇ ਨੇ ?

ਦਲੀਪ — ਅਸੀਂ ਤਾਂ ਇਸੇ ਲਈ ਸਰਦੀ ਵਿਚ ਆਏ ਆਂ। ਹੁਣ ਇਕੱਠੇ ਸਾਰੀਆਂ ਥਾਵਾਂ ਤੇ ਚੱਲਾਂਗੇ।

ਨਿਰਮਲਾ — ਅਨੰਤ ਨਾਗ ਵੀ। ਉਥੇ ਕਸ਼ਮੀਰੀਆਂ ਨੇ ਝਰਨਿਆਂ ਦਾ ਪਾਣੀ ਇਕੱਠਾ ਕਰ ਕੇ ਇਕ ਢਕੇ ਹੋਏ ਤਲਾਅ ਵਿਚ ਮੱਛੀਆਂ ਪਾਲ ਰੱਖੀਆਂ ਹਨ। ਟਰਾਊਟ ਮੱਛੀ ਅਠ ਆਨੇ ਸੇਰ। ਅਸੀਂ ਏਥੇ ਜਿੰਨੇ ਦਿਨ ਰਹੇ ਟਰਾਊਟ ਖ਼ਾਵਾਂਗੇ। ਗੁ...ਫ਼ਾ...ਰਾ !

[ਗੁਫ਼ਾਰਾ ਆਉਂਦਾ ਹੈ।

ਗੁਫ਼ਾਰਾ — ਜੀ ਹਜ਼ੂਰ।

ਨਿਰਮਲਾ — ਅਜ ਰਾਤ ਟਰਾਊਟ ਪਕੇ। ਸਮਝਾ ?

ਗੁਫ਼ਾਰਾ — ਅੱਛਾ ਹਜ਼ੂਰ।

ਨਿਰਮਲਾ — ਜਾਉ ਫ਼ੌਰਨ ਚਾਏ ਲਾਉ।

ਗੁਫ਼ਾਰਾ — ਲਾਇਆ ਹਜ਼ੂਰ ।

[ਜਾਂਦਾ ਹੈ ।

ਨਿਰਮਲਾ — ਖਿੜਕੀ ਖੋਲ੍ਹ ਦੇਵਾਂ ?

ਦਲੀਪ — ਬਾਹਰ ਠੰਡ ਏ ।

ਨਿਰਮਲਾ — ਬੁਖਾਰੀ ਦੇ ਤਾਂ ਨਾਲ ਕਮਰਾ ਬੜਾ ਗਰਮ ਹੋ ਗਿਆ ਏ । ਸਾਹ ਘੁਟਿਆ ਘੁਟਿਆ ਜਾਪਦਾ ਏ । (ਫੂਲਦਾਨ ਚੁੱਕ ਕੇ) ਕਾਸ਼, ਇਸ ਵਿਚ ਫੁੱਲ ਹੁੰਦੇ ! ਅਜ ਕਲ੍ਹ ਏਥੇ ਫੁੱਲ ਨਹੀਂ ਹੁੰਦੇ । ਅੱਛਾ, ਸੁੱਕੀਆਂ ਟਹਿਣੀਆਂ ਈ ਸਜਾ ਦੇਵਾਂ । ਮੈਨੂੰ ਇਥੋਂ ਦੇ ਸੁੱਕੇ ਟਾਹਣ ਵੀ ਬਹੁਤ ਚੰਗੇ ਲਗਦੇ ਨੇ । (ਖਿੜਕੀ ਖੋਲ੍ਹਦੀ ਹੈ) ਧੁੰਦ ਛੱਟ ਗਈ ਏ, ਸੂਰਜ ਦੀਆਂ ਲੀਕਾਂ ਫੈਲ ਗਈਆਂ ਨੇ, ਅਸਮਾਨ ਵਿਚ ਅਬਾਬੀਲਾਂ ਉੱਡ ਰਹੀਆਂ ਨੇ । ਕਿੰਨਾ ਸੋਹਣਾ ਨਜ਼ਾਰਾ ਏ !

ਦਲੀਪ — ਇਹ ਅਬਾਬੀਲਾਂ ਉੱਡ ਕੇ ਹੁਣ ਦੱਖਣ ਵਲ ਜਾ ਰਹੀਆਂ ਨੇ ਤੇ ਅਸੀਂ ਉੱਡ ਕੇ ਏਧਰ ਠੰਢ ਦੀ ਵਾਦੀ ਵਿਚ ਆ ਗਏ ਆਂ । (ਉਹਦੀ ਠੋਡੀ ਨੂੰ ਹੱਥ ਲਾ ਕੇ) ਤੂੰ ਵੀ ਇਕ ਨਿੱਕੀ ਜਿਹੀ ਸੋਹਣੀ ਅਬਾਬੀਲ ਏਂ !

ਨਿਰਮਲਾ — ਹੁਣ ਅਸੀਂ ਏਥੇ ਰਵ੍ਹਾਂਗੇ, ਬਹੁਤ ਸਾਰੇ ਦਿਨ । ਰੋਜ਼ ਨਸ਼ਾਤ ਬਾਗ਼ ਜਾਇਆ ਕਰਾਂਗੇ ਤੇ ਡਲ ਦੇ ਪਾਣੀਆਂ ਵਿਚ ਸ਼ਿਕਾਰੇ ਦੀ ਸੈਰ ਕਰਿਆ ਕਰਾਂਗੇ । ਏਥੋਂ ਦੇ ਹਾਤੇ ਬੜੇ ਚੰਗੇ ਨੇ । ਸਾਰਾ ਦਿਨ ਕੰਮ ਕਰਦੇ ਨੇ । ਹਾਊਸ ਬੋਟ 'ਚੋਂ ਆਨੇ ਦੀ ਚੀਜ਼ ਨਹੀਂ ਚੁੱਕਦੇ । ਪੁੱਜ ਕੇ ਅਮਾਨਦਾਰ ਨੇ ।

ਦਲੀਪ — ਏਸ ਹਾਊਸ ਬੋਟ ਦਾ ਕੀ ਕਿਰਾਇਆ ਏ ?

ਨਿਰਮਲਾ — ਪੰਜ ਰੁਪਿਆ ਰੋਜ਼ । ਦੋ ਬੈੱਡ ਰੂਮ, ਚਾਰ ਕਮਰੇ । ਖਾਣੇ ਵਾਲਾ ਕਮਰਾ ਅਲਗ । ਇਸ ਦੇ ਇਲਾਵਾ ਗੁਫ਼ਾਰਾ ਤੇ ਉਸ

ਦੀ ਬੀਵੀ ਜ਼ੂਨੀ ਤੇ ਉਸ ਦਾ ਪੁੱਤ ਤਿੰਨੇ ਮੁਫ਼ਤ ਕੰਮ ਕਰਦੇ ਨੇ।

ਦਲੀਪ — ਏਥੇ ਜ਼ਿੰਦਗੀ ਬਹੁਤ ਸਸਤੀ ਏ।

ਨਿਰਮਲਾ — ਏਥੋਂ ਦੇ ਦਰਜ਼ੀ ਕਮੀਜ਼ ਤੇ ਸਲਵਾਰ ਉੱਤੇ ਐਨਾ ਸੋਹਣਾ ਕੰਮ ਕਰਦੇ ਨੇ ਕਿ ਦਿੱਲੀ ਦੇ ਲੋਕਾਂ ਨੇ ਸੁਫ਼ਨੇ ਵਿਚ ਵੀ ਨਹੀਂ ਤੱਕਿਆ ਹੋਵੇਗਾ। ਸਸਤਾ, ਸਮਝੋ ਮੁਫ਼ਤ! (ਮਲ੍ਹਾਰ ਕੇ) ਮੈਂ ਅੱਠ ਸੂਟ ਸਿਲਵਾਵਾਂਗੀ ਤੇ ਦੋ ਪਸ਼ਮੀਨੇ ਦੀਆਂ ਚੱਦਰਾਂ ਲਵਾਂਗੀ।

ਦਲੀਪ — ਜ਼ਰੂਰ, ਜ਼ਰੂਰ।

ਨਿਰਮਲਾ — ਤੇ ਆਪਣੇ ਗੁੱਡੂ ਲਈ ਟੋਪੀ। ਇਥੇ ਸਿਲਕ ਬਹੁਤ ਸਸਤਾ ਏ। ਪਤਾ ਨਹੀਂ ਇਥੋਂ ਦੇ ਲੋਕ ਫੇਰ ਵੀ ਕਿਉਂ ਚੀਥੜਿਆਂ ਵਿਚ ਰਹਿੰਦੇ ਨੇ?

ਦਲੀਪ — ਗ਼ਰੀਬੀ ਇਨ੍ਹਾਂ ਦੀ ਕਿਸਮਤ ਵਿਚ ਏ। ਗੁਫ਼ਾਰੇ ਨੂੰ ਮੇਰਾ ਪੁਰਾਣਾ ਕੋਟ ਦੇ ਦੇਵੀਂ।

ਨਿਰਮਲਾ — ਗੁਫ਼ਾਰ! ਗੁਫ਼ਾਰ! ਫ਼ੌਰਨ ਚਾਏ ਲਗਾਉ। ਬਿਕਰਮ! ਤੂੰ ਵੀ ਆ ਕੇ ਚਾਹ ਪੀ ਲੈ।

[ਗੁਫ਼ਾਰਾ ਚਾਹ, ਮੱਖਣ, ਸੇਬ ਬਦਾਮ ਤੇ ਸ਼ਹਿਦ ਲਿਆਉਂਦਾ ਹੈ। ਬਿਕਰਮ ਆਉਂਦਾ ਹੈ। ਤਿੰਨੇ ਜਣੇ ਮੇਜ਼ ਦੁਆਲੇ ਕੁਰਸੀਆਂ ਖਿੱਚ ਕੇ ਬੈਠ ਜਾਂਦੇ ਹਨ।

ਨਿਰਮਲਾ — ਸਮਾਵਾਰ ਵਿਚ ਚਾਹ ਬਹੁਤ ਵਧੀਆ ਫੁਟਦੀ ਏ। ਅਸੀਂ ਵੀ ਜਾਣ ਲਗੇ ਏਥੋਂ ਸਮਾਵਾਰ ਲੈ ਚਲਾਂਗੇ। (ਟੋਸਟਾਂ ਉੱਤੇ ਸ਼ਹਿਦ ਲਗਾਉਂਦੀ ਹੋਈ) ਸਾਡਾ ਗੁੱਡੂ ਤਾਂ ਇਹ ਸ਼ਹਿਦ ਮਿੰਟਾਂ ਵਿਚ ਚੱਟ ਜਾਵੇ। ਉਹ ਸ਼ਹਿਦ ਦਾ ਬੜਾ ਸ਼ੌਕੀਨ ਏ।

ਬਿਕਰਮ — ਬੱਚੇ ਆਮ ਤੌਰ ਤੇ ਸ਼ਹਿਦ ਦੇ ਸ਼ੌਕੀਨ ਹੁੰਦੇ ਨੇ।

ਨਿਰਮਲਾ — ਗੁੱਡੂ ਦਾ ਕੀ ਹਾਲ ਸੀ ?

ਦਲੀਪ — ਗੁੱਡੂ ਨੇ ਵੀ ਮੇਰੇ ਨਾਲ ਈ ਆਉਣਾ ਸੀ ।

ਨਿਰਮਲਾ — ਫੇਰ ਲਿਆਂਦਾ ਕਿਉਂ ਨਾ ਉਸ ਨੂੰ ? ਤੁਸੀਂ ਬੜੇ ਨਿਰਮੋਹੇ ਓ । ਐਨੀ ਨਿੱਕੀ ਜਿਹੀ ਜਿੰਦ ਨੂੰ ਪਿੱਛੇ ਛੱਡ ਆਉਣ ਨੂੰ ਤੁਹਾਡਾ ਜੀ ਕਿਵੇਂ ਕੀਤਾ ?

ਦਲੀਪ — ਨਹੀਂ ਉਸ ਨੂੰ ਨਾਲ ਈ ਲਿਆਂਦਾ ਏ ।

ਨਿਰਮਲਾ — (ਉਤਾਵਲੀ ਹੋ ਕੇ) ਫੇਰ ਕਿੱਥੇ ਏ ਮੇਰਾ ਬੱਚਾ ?

ਦਲੀਪ — ਮੇਰੇ ਜਹਾਜ਼ ਵਿਚ ਜਗ੍ਹਾ ਨਹੀਂ ਸੀ । ਗੁੱਡੂ ਤੇ ਓਹਦੀ ਆਯਾ ਦੂਜੇ ਜਹਾਜ਼ ਵਿਚ ਸਵਾਰ ਹੋ ਗਏ ।

ਨਿਰਮਲਾ — ਉਹ ਜਹਾਜ਼ ਤੁਹਾਡੇ ਤੋਂ ਪਹਿਲਾਂ ਉਡਿਆ ਸੀ ਯਾ ਪਿਛੋਂ ?

ਦਲੀਪ — ਪਿੱਛੋਂ ।

ਨਿਰਮਲਾ — ਫੇਰ ਤੁਸਾਂ ਗੁੱਡੂ ਨੂੰ ਆਪਣੀ ਗੋਦੀ ਵਿਚ ਆਪਣੇ ਨਾਲ ਬਿਠਾ ਲੈਣਾ ਸੀ । ਬੁੱਢੀ ਆਯਾ ਆਪੂੰ ਪਿੱਛੇ ਆਉਂਦੀ ਰਹਿੰਦੀ । ਤੁਸੀਂ ਬੱਚੇ ਦਾ ਉੱਕਾ ਖ਼ਿਆਲ ਨਹੀਂ ਕਰਦੇ ।

ਦਲੀਪ — ਮੈਂ ਸੋਚਿਆ ਗੁੱਡੂ ਆਪਣੀ ਆਯਾ ਨਾਲ ਖ਼ੁਸ਼ ਰਵ੍ਹੇਗਾ । ਜਹਾਜ਼ ਵਿਚ ਚੱਕਰ ਤੇ ਘੇਰੀਆਂ ਆਂਦੀਆਂ ਨੇ । ਮੈਂ ਉਸ ਨੂੰ ਕਿਵੇਂ ਸੰਭਾਲਦਾ ? ਉਸ ਦੇ ਰੋਣ ਚੀਕਣ ਨਾਲ ਬਾਕੀ ਦੇ ਮੁਸਾਫ਼ਰ ਤੰਗ ਹੁੰਦੇ ।

ਨਿਰਮਲਾ — ਬੱਚੇ ਦੇ ਰੋਣ ਤੇ ਕੋਈ ਤੰਗ ਨਹੀਂ ਪੈਂਦਾ । ਸਭੇ ਬੱਚੇ ਰੋਂਦੇ ਨੇ । ਤੁਸੀਂ ... ਤੁਸੀਂ ਪਤਾ ਨਹੀਂ ਕਿਹੜੇ ਜਿਗਰੇ ਨਾਲ ਉਸ ਨੂੰ ਪਿਛੇ ਛੱਡ ਆਏ । ਹਾਏ ਮੇਰੀ ਨਿੱਕੀ ਜਿਹੀ ਜਾਨ ! ਮੇਰਾ ਚੰਨ ! ਮੇਰਾ ਲੱਡੂ ! ਮੇਰੀ ਉਗਲੀ ਗੁਗਲੀ ! ਮੇਰਾ ਗੁਡੂ !

[ਟੋਸਟ ਖਾਂਦੀ ਖਾਂਦੀ ਰਖ ਦੇਂਦੀ ਹੈ ।

ਦਲੀਪ — ਹੁਣ ਫ਼ਿਕਰ ਕੀ ਲਾਣਾ ਹੋਇਆ ? ਟੋਸਟ ਤਾਂ ਖਾ ਲੈ ।

ਨਿਰਮਲਾ — (ਜਜ਼ਬਾਤੀ ਉਛਾਲ ਵਿਚ) ਮੇਰੀ ਜਾਨ੍ ਦਾ ਟੁਕੜਾ ਭੁੱਖਾ ਹੋਵੇਗਾ, ਤੇ ਮੈਂ ਏਥੇ ਬੈਠੀ ਟੋਸਟ ਮੱਖਣ ਖਾਵਾਂ ? ਤੁਸੀਂ ਹਵਾਈ ਅੱਡੇ ਉੱਤੇ ਆਯਾ ਤੇ ਗੁੱਡੂ ਨੂੰ ਉਡੀਕ ਲੈਣਾ ਸੀ।

ਦਲੀਪ — ਆਯਾ ਨੂੰ ਹਾਊਸ ਬੋਟ ਦਾ ਪੂਰਾ ਪਤਾ ਹੈ । ਉਹ ਆਪ ਏਥੇ ਪਹੁੰਚ ਜਾਵੇਗੀ।

ਨਿਰਮਲਾ — ਦਸ੍ ਪੰਦਰਾਂ ਮਿੰਟ ਇੰਤਜ਼ਾਰ ਕਰਨ ਵਿਚ ਕੀ ਆ ਲਗਿਆ ਸੀ ?

ਦਲੀਪ — ਦਸ ਪੰਦਰਾਂ ਮਿੰਟ ਉਡੀਕ ਕੀਤੀ ਸੀ, ਪਰ ਪਤਾਂ ਲਗਿਆ ਜਹਾਜ਼ ਨੇ ਅਜੇ ਅੱਧੇ ਘੰਟੇ ਨੂੰ ਪੁਜਣਾ ਏਂ।

ਨਿਰਮਲਾ — ਅੱਧੇ ਘੰਟੇ ਨੂੰ ? ਅੱਧਾ ਘੰਟਾ ਤਾਂ ਕਦੋਂ ਦਾ ਹੋ ਗਿਆ ਏ। ਮੇਰਾ ਗੁੱਡੂ ਇਸ ਤੋਂ ਪਹਿਲਾਂ ਕਦੀ ਜਹਾਜ਼ ਵਿਚ ਨਹੀਂ ਬੈਠਾ। ਪਤਾ ਨਹੀਂ ਉਲਟੀਆਂ ਤੇ ਉਬੱਤਾਂ ਨਾਲ ਉਸ ਦਾ ਕੀ ਹਾਲ ਹੋਵੇਗਾ। ਨਿੱਕੀ ਜਿਹੀ ਜਿੰਦ ਏ ਉਹ, ਪੋਲਾ ਜਿਹਾ, ਰੂੰ ਦਾ ਗੋੜ੍ਹਾ।

ਦਲੀਪ — ਅੱਛਾ, ਚਾਹ ਤਾਂ ਪੀ ਲੈ।

ਨਿਰਮਲਾ — ਨਹੀਂ।

[ਉਠ ਖਲੋਂਦੀ ਹੈ।

ਬਿਕਰਮ — ਇਕ ਸੇਬ ਈ ਖਾ ਲੈ।

ਨਿਰਮਲਾ — ਨਹੀਂ, ਮੈਂ ਨਹੀਂ ਖਾਂਦੀ। ਮੈਂ ਕੁਝ ਨਹੀਂ ਖਾਂਦੀ ! ਮੇਰੀ ਤਬੀਅਤ ਖ਼ਰਾਬ ਏ।

ਦਲੀਪ — ਕਿਉਂ, ਤਬੀਅਤ ਨੂੰ ਕੀ ਹੋਇਆ ਏ ?

ਨਿਰਮਲਾ — ਪਤਾ ਨਹੀਂ ਕੀ ਹੋ ਗਿਆ ਏ। ਹਾਏ, ਮੇਰਾ ਗੁੱਡੂ ! ਅੱਜ ਕਲ੍ਹ ਤਾਂ ਮੌਸਮ ਵੀ ਖ਼ਰਾਬ ਏ। ਹਰ ਪਾਸੇ ਧੁੰਦ। ਮੈਂ ਸੁਣਿਆ ਏ ਕਈ ਵਾਰ ਜਹਾਜ਼ ਪਹਾੜਾਂ ਦੀਆਂ ਸਿਖਰਾਂ ਨਾਲ

ਟਕਰਾ ਜਾਂਦਾ ਏ ਤੇ ਫੇਰ ਕਿਸੇ ਮੁਸਾਫ਼ਰ ਦਾ ਨਿਸ਼ਾਨ ਵੀ ਨਹੀਂ ਲੱਭਦਾ। ਮੇਰਾ ਗੁੱਡੂ ਤਾਂ ਉੱਕਾ ਈ ਮਾਸ ਦਾ ਪੇੜਾ ਏ !

ਦਲੀਪ — ਤੂੰ ਐਵੇਂ ਫਿਕਰ ਲਾ ਬੈਠਦੀ ਏਂ, ਉਸ ਨੂੰ ਕੁਝ ਨਹੀਂ ਹੋ ਚਲਿਆ।

ਨਿਰਮਲਾ — ਤੁਸੀਂ ਹਰ ਵਾਰ ਏਸੇ ਤਰ੍ਹਾਂ ਆਖਦੇ ਓ। ਪਿਛਲੀ ਵਾਰ ਗੁੱਡੂ ਦੇ ਸਵੈਟਰ ਲਈ ਤੁਸਾਂ ਉੱਨ ਵੀ ਨਹੀਂ ਸੀ ਲਿਆ ਕੇ ਦਿਤੀ। ਸਰਦੀ ਲਗ ਗਈ, ਕਈ ਦਿਨ ਨਿੱਛਾਂ ਆਉਂਦੀਆਂ ਰਹੀਆਂ ਤੇ ਮਸਾਂ ਮਸਾਂ ਨਮੋਨੀਏ ਤੋਂ ਬਚਿਆ। ਮੁਸੀਬਤ ਤਾਂ ਮੈਨੂੰ ਝਲਣੀ ਪਈ, ਤੁਹਾਡਾ ਕੀ ਗਿਆ ?

ਦਲੀਪ — ਤੂੰ ਐਵੇਂ ਫਿਕਰ ਲਾ ਬੈਠਦੀ ਏਂ, ਉਹ ਆਯਾ ਦੀ ਕੁੱਛੜ ਵਿਚ ਬੈਠਾ ਹੱਸ ਰਿਹਾ ਹੋਵੇਗਾ।

ਨਿਰਮਲਾ — (ਅੱਖਾਂ ਭਰ ਕੇ) ਜੇ ਮੇਰੇ ਗੁੱਡੂ ਨੂੰ ਕੁਝ ਹੋ ਗਿਆ ...

[ਪੱਲੇ ਨਾਲ ਨੱਕ ਪੂੰਝਦੀ ਹੈ।

ਦਲੀਪ — ਗੱਲ ਤਾਂ ਸੁਣ।

ਨਿਰਮਲਾ — ਨਹੀਂ ਮੈਨੂੰ ਛਡ ਦਿਉ ... ਮੈਂ ... ਮੈਂ ...

[ਉਹ ਸੋਫ਼ੇ ਉਤੇ ਡਿਗ ਪੈਂਦੀ ਹੈ ਤੇ ਸਿਸਕੀਆਂ ਭਰਦੀ ਹੈ। ਦਲੀਪ ਹੱਥ ਵਿਚ ਟੋਸਟ ਲਈ ਖੜਾ ਹੈ।

ਦਲੀਪ — ਚਾਹ ਤਾਂ ਪੀ ਲੈ, ਠੰਢੀ ਹੋ ਰਹੀ ਏ।

ਨਿਰਮਲਾ — ਤੁਹਾਨੂੰ ਚਾਹ ਸੁਝਦੀ ਏ। ਮੇਰਾ ਕਾਲਜਾ ਅੰਦਰੇ ਅੰਦਰ ਬਲਦਾ ਏ। ਜ਼ਰੂਰ ਮੇਰੇ ਬੱਚੇ ਨੂੰ ਕੁਝ ਹੋ ਗਿਆ ਹੋਣਾ ਏ। ਮੇਰੀ ਸੱਜੀ ਅੱਖ ਫੜਕਦੀ ਏ।

ਦਲੀਪ — ਦੇਖਾਂ ?

ਨਿਰਮਲਾ — ਦੇਖੋ, ਸੱਜੀ ਅੱਖ। ਇਕ ਵਾਰ ਪਹਿਲਾਂ ਵੀ, ਜਦੋਂ ਤੁਹਾਨੂੰ

ਬੁਖ਼ਾਰ ਚੜ੍ਹਿਆ ਸੀ, ਮੇਰੀ ਸੱਜੀ ਅੱਖ ਫੜਕਨ ਲਗ ਪਈ ਸੀ। ਉਸ ਪਿੱਛੋਂ ਅੱਜ। ਤੁਸੀਂ ਉਸ ਬਗ਼ੈਰ ਇਕੱਲੇ ਆਏ ਕਿਉਂ ? ਕਿਉਂ ਆਏ ? ਮੇਰੇ ਗੋਲ ਮਟੋਲ ਗੁੱਡੂ ਨੂੰ ਛੱਡ ਕੇ ਕਿਉਂ ਆਏ ?

ਦਲੀਪ — ਉਠ ਕੇ ਦੇਖ ਬਾਹਰ ਖਿੜਕੀ 'ਚੋਂ ਕਿੰਨਾ ਸੋਹਣਾ ਮਨਜ਼ਰ ਏ ! ਅਬਾਬੀਲਾਂ ਉੱਡ ਰਹੀਆਂ ਨੇ।

ਨਿਰਮਲਾ — (ਸਿਸਕੀਆਂ ਵਿਚ) ਚਲੇ ਜਾਉ ਮੇਰੇ ਕੋਲੋਂ ! ਮੈਂ ਕੁਝ ਨਹੀਂ ਖਾਣਾ......ਮੈਂ ਕੁਝ ਨਹੀਂ ਖਾ ਸਕਦੀ। ਮੇਰਾ ਬੱਚਾ... ਮੇਰਾ ਬੱਚਾ...ਮੇਰਾ ਗੁੱਡੂ...

[ਦਲੀਪ ਇਕ ਮਿੰਟ ਲਈ ਖੜਾ ਰਹਿੰਦਾ ਹੈ। ਗੁਫ਼ਾਰਾ ਦੌੜਦਾ ਹੋਇਆ ਆਉਂਦਾ ਹੈ।

ਗੁਫ਼ਾਰਾ — ਮੇਮ ਸਾਹਬ, ਆਪ ਕਾ ਬੱਚਾ ਆ ਗਿਆ।

ਨਿਰਮਲਾ — (ਸਿਰ ਚੁੱਕ ਕੇ) ਮੇਰਾ ਗੁੱਡੂ ? ਕਿਥੇ ਏ ?

ਗੁਫ਼ਾਰਾ — ਬਾਹਰ, ਆਯਾ ਕੇ ਸਾਥ।

[ਬੁੱਢੀ ਆਯਾ ਗੁੱਡੂ ਨੂੰ ਚੁਕੀ ਅੰਦਰ ਦਾਖ਼ਲ ਹੁੰਦੀ ਹੈ। ਨਿਰਮਲਾ ਦੌੜ ਕੇ ਗੁੱਡੂ ਨੂੰ ਫੜਦੀ ਹੈ ਤੇ ਉਸ ਦੇ ਸਿਰ, ਵਾਲਾਂ ਤੇ ਅੱਖਾਂ ਨੂੰ ਵਾਰ ਵਾਰ ਚੁੰਮਦੀ ਹੈ।

ਨਿਰਮਲਾ — ਮੇਰਾ ਲਾਲ ! ਮੇਰਾ ਨਿੱਕਾ ਸ਼ੇਰ ! ਕਿਉਂ ਆਯਾ, ਜਹਾਜ਼ ਵਿਚ ਠੀਕ ਤਾਂ ਰਿਹਾ ਏ ?

ਆਯਾ — ਜੀ ਬਿਲਕੁਲ ਠੀਕ। ਸਗੋਂ ਬਾਕੀ ਦੇ ਮੁਸਾਫਰਾਂ ਨਾਲ ਖੇਡਦਾ ਰਿਹਾ। ਮੈਨੂੰ ਥੋੜੀ ਬਹੁਤ ਘੇਰ ਚੜ੍ਹੀ, ਪਰ ਏਸ ਨੂੰ ਕੁਝ ਵੀ ਨਹੀਂ ਹੋਇਆ।

ਨਿਰਮਲਾ — ਸੌਂ ਗਿਆ ਹੋਵੇਗਾ ?

ਆਯਾ — ਥੋੜਾ ਚਿਰ ਮੇਰੀ ਗੋਦੀ ਵਿਚ ਅੱਖਾਂ ਮੀਟੀ ਪਿਆ ਰਿਹਾ, ਫਿਰ ਹੱਸਣ ਤੇ ਖੇਲਣ ਲਗ ਪਿਆ ।

ਦਲੀਪ — ਮੈਂ ਤੈਨੂੰ ਆਖਦਾ ਨਹੀਂ ਸਾਂ ਕਿ ਗੁੱਡੂ ਰਾਜ਼ੀ ਖ਼ੁਸ਼ੀ ਏ ।

ਨਿਰਮਲ — ਤੁਸੀਂ ਤਾਂ ਆਪਣੇ ਵਲੋਂ ਕੋਈ ਕਸਰ ਨਹੀਂ ਰਖੀ ਸੀ । (ਚੁੰਮ ਕੇ) ਮੇਰਾ ਸਿਉ ! ਮੱਖਣ ਖਾਏਂਗਾ ਤੂੰ ? ਆਯਾ, ਗ਼ੁਫਾਰੇ ਨੂੰ ਆਖ ਕੇ ਆਪਣੀਆਂ ਚੀਜ਼ਾਂ ਅੰਦਰ ਰਖਵਾ ।

[ਆਯਾ ਜਾਂਦੀ ਹੈ ।

(ਗੁੱਡੂ ਦੇ ਹੱਥ ਪੈਰ ਦੇਖ ਕੇ) ਸਰਦੀ ਨਾਲ ਹੱਥ ਪੈਰ ਪਾਟ ਗਏ ਨੇ ਮੇਰੇ ਲਾਲ ਦੇ । ਗੱਲ੍ਹਾਂ ਵਿਚ ਬਰੀਕ ਲਾਲ ਧਾਰੀਆਂ ਦਾ ਜਾਲ ਤਣਿਆ ਗਿਆ ਏ । ਮੱਖਣ ਲਾਵਾਂਗੀ ਤਾਂ ਇਹ ਗਲ੍ਹਾਂ ਠੀਕ ਹੋ ਜਾਣਗੀਆਂ । ਇਥੇ ਇਸ ਦੇ ਖੇਡਣ ਲਈ ਜੂਨੀ ਦਾ ਨਿੱਕਾ ਬਾਲ ਏ, ਤੇ ਚੂਚੇ ਤੇ ਕੁਕੜੀਆਂ । ਸਵੇਰ ਸਾਰ ਇਹਦੀ ਮਾਲਸ਼ ਕੀਤਾ ਕਰਾਂਗੀ । ਦਿਨਾਂ ਵਿਚ ਈ ਨਿਖਰ ਆਏਗਾ ।

ਦਲੀਪ — ਹੁਣ ਤਾਂ ਚਾਹ ਪੀ ਲੈ ।

[ਉਹ ਤਿੰਨੇ ਜਣੇ ਮੇਜ਼ ਦਵਾਲੇ ਬੈਠ ਕੇ ਚਾਹ ਪੀਂਦੇ ਹਨ ।

ਨਿਰਮਲਾ — ਮੇਰਾ ਗੁਡੂ ਕੁਕੜੀਆਂ ਨਾਲ ਖੇਡਿਆ ਕਰੇਗਾ । ਚੂਚਿਆਂ ਪਿੱਛੇ ਦੌੜਦਾ ਫਿਰੇਗਾ । ਉਸ ਨੂੰ ਇਕ ਛੋਟੀ ਜਿਹੀ ਟੋਪੀ ਖ਼ਰੀਦ ਕੇ ਦੇਵਾਂਗੀ । ਟੋਪੀ ਪਾ ਕੇ ਮੇਰਾ ਪੁੱਤ ਬਿਲਕੁਲ ਸ਼ਹਿਜ਼ਾਦਾ ਲਗੇਗਾ, ਸੁਹਣਾ ਸ਼ਹਿਜ਼ਾਦਾ ।

ਬਿਕਰਮ — ਬਿਲਕੁਲ ਬਾਂਦਰ !

ਨਿਰਮਲਾ — ਮੈਂ ਵਾਰੇ ਜਾਵਾਂ ਆਪਣੇ ਨਿੱਕੇ ਜਿਹੇ ਬਾਂਦਰ ਤੋਂ !

[ਉਸ ਦੀ ਗਰਦਨ ਉਤੇ ਕੁਤਕੁਤਾੜੀਆਂ ਕਰਦੀ ਹੈ ।

ਦਲੀਪ — ਹੁਣ ਛੱਡ ਏਸ ਨੂੰ। ਐਵੇਂ ਰੋਣ ਲਗ ਪਵੇਗਾ।

ਨਿਰਮਲਾ — ਨਹੀਂ ਛੱਡਦੀ। ਦੇਖਦੇ ਨਹੀਂ ਕਿਵੇਂ ਹੱਸ ਰਿਹਾ ਏ। ਮਾਂ ਮਰ ਜਾਏ ਨੀ ਏਸ ਦੇ ਹਾਸੇ ਤੋਂ !

[ਉਸ ਦਾ ਮੱਥਾ ਚੁੰਮਦੀ ਹੈ ਅਤੇ ਫਿਰ ਇਕ ਦਮ ਥੁੱਕਦੀ ਹੈ।

ਥੂ, ਥੂ, ਐਵੇਂ ਕਿਤੇ ਨਜ਼ਰ ਨਾ ਲਗ ਜਾਵੇ ਮੇਰੇ ਪੁੱਤ-ਨੂੰ। ਇਸ ਦੇ ਗਲ ਵਿਚ ਤਵੀਜ਼ ਬੰਨ੍ਹਾਂਗੀ ਤੇ ਮੱਥੇ ਉਤੇ ਸੁਰਮੇ ਦਾ ਟਿੱਕਾ ਲਾਵਾਂਗੀ।

[ਉਹ ਗੁੱਡੂ ਨੂੰ ਟੋਸਟ ਫੜਾ ਦੇਂਦੀ ਹੈ ਤੇ ਆਪ ਚਾਹ ਬਣਾਉਂਦੀ ਹੈ।

ਦਲੀਪ — ਹਵਾਈ ਜਹਾਜ਼ ਦੇ ਸਫ਼ਰ ਪਿਛੋਂ ਚਾਹ ਬੜੀ ਸਵਾਦ ਲਗਦੀ ਏ।

ਨਿਰਮਲਾ — ਸੇਬ ਵੀ ਖਾਉ ਨਾ।

[ਆਯਾ ਅੰਦਰ ਆਉਂਦੀ ਹੈ।

(ਆਯਾ ਨੂੰ) ਗ਼ੁਫ਼ਾਰੇ ਨੂੰ ਆਖ ਤੈਨੂੰ ਕਾਂਗੜੀ ਦੇ ਦੇਵੇ, ਨਹੀਂ ਤਾਂ ਸਰਦੀ ਨਾਲ ਮਰ ਜਾਵੇਂਗੀ।

ਆਯਾ — ਉਹ ਮੇਰੇ ਆਖੇ ਬਗ਼ੈਰ ਈ ਕਾਂਗੜੀ ਦੇ ਗਿਆ ਏ।

[ਬੁੱਕਲ ਵਿਚੋਂ ਕਾਂਗੜੀ ਕੱਢ ਕੇ ਦਿਖਾਉਂਦੀ ਹੈ।

ਨਿਰਮਲਾ — ਸੰਭਾਲ ਕੇ ਰੱਖੀਂ, ਨਹੀਂ ਤੇ ਕੰਬਲ ਫੂਕ ਸੁੱਟੇਂਗੀ। ਸਾਮਾਨ ਰਖਵਾ ਦਿਤਾ ?

ਆਯਾ — ਸਾਮਾਨ ਕਿਹੜਾ ਸੀ ? ਇਕ ਨਿੱਕਾ ਜਿਹਾ ਬੁਗਚਾ ਜਿਹੜਾ ਮੈਂ ਕੁਛੜ ਮਾਰਿਆ ਹੋਇਆ ਸੀ।

ਨਿਰਮਲਾ — ਬਸ ?

ਆਯਾ — ਬਸ ।

ਨਿਰਮਲਾ — ਘਰ ਨੂੰ ਚੰਗੀ ਤਰ੍ਹਾਂ ਸੰਭਾਲ ਆਈ ਸੈਂ ਨਾ ?

ਆਯਾ — ਬਾਬੂ ਹੁਰਾਂ ਕੋਈ ਚੀਜ਼ ਵੀ ਸਾਂਭਣ ਨਹੀਂ ਦਿਤੀ । ਜਿਸ ਦਿਨ ਟਿਕਟ ਲੀਤੇ ਉਸੇ ਰਾਤੀਂ ਦਸਿਆ ਕਿ ਸਵੇਰੇ ਅਸੀਂ ਵੀ ਜਾਣਾ ਏ । ਮਸਾਂ ਗੁੱਡੂ ਦੇ ਕਪੜੇ ਇਕੱਠੇ ਕਰ ਸਕੀ ।

ਨਿਰਮਲਾ — ਗੁੱਡੂ ਦੇ ਕਪੜੇ ਧੋਬੀ ਦੇ ਗਿਆ ਸੀ ?

ਆਯਾ — ਹਾਲੇ ਉਸ ਦੇਣ ਆਉਣਾ ਸੀ ।

ਨਿਰਮਲਾ — ਮੇਰਾ ਓਵਰਕੋਟ ਤੇ ਗਰਮ ਸੂਟ, ਜਿਹੜਾ ਮੈਂ ਡਰਾਈ-ਕਲੀਨ ਕਰਨ ਛੱਡ ਆਈ ਸਾਂ, ਤੂੰ ਲਿਆਂਦਾ ਕਿ ਉਹ ਵੀ ਉਥੇ ਹੀ ਛੱਡ ਆਈ ?

ਆਯਾ — ਜੀ ਬੀਬੀ ਜੀ, ਕੁਝ ਵੀ ਤੇ ਨਹੀਂ ਲਿਆਂਦਾ !

ਨਿਰਮਲਾ — (ਮੂੰਹ ਬਣਾ ਕੇ ਦਲੀਪ ਵਲ ਇਸ਼ਾਰਾ ਕਰਦੇ ਹੋਏ) ਇਨ੍ਹਾਂ ਦੇ ਸਾਰੇ ਕੰਮ ਇਹਵਾ ਜਿਹੇ ਹੁੰਦੇ ਨੇ ।

ਦਲੀਪ — ਇਹ ਅੰਡੇ ਤੇ ਸੇਬ ਤਾਂ ਖਾ ਲੈ, ਘਰ ਦਾ ਫ਼ਿਕਰ ਫਿਰ ਕਰੀਂ ।

ਨਿਰਮਲਾ — ਘਰ ਦਾ ਫਿਕਰ ਵੀ ਮੈਨੂੰ ਈ ਏ, ਤੁਹਾਨੂੰ ਤਾਂ ਨਹੀਂ । ਪਿਛੇ ਕਿਸ ਨੂੰ ਛਡ ਆਏ ਓ ?

ਦਲੀਪ — ਬਿਮਲਾ ਤੇ ਨਰਿੰਦਰ ਨੂੰ ।

ਨਿਰਮਲਾ — ਹਾਲੇ ਤੀਕ ਗਏ ਨਹੀਂ ਉਹ ?

ਦਲੀਪ — ਨਹੀਂ । ਨਰਿੰਦਰ ਆਖਦਾ ਸੀ ਕਿ ਦੋ ਇਕ ਦਿਨਾਂ ਤੀਕ ਉਹ ਦੋਵੇਂ ਚਲੇ ਜਾਣਗੇ ।

ਨਿਰਮਲਾ — ਮੈਂ ਜਾਣਦੀ ਆਂ ਉਨ੍ਹਾਂ ਦੇ 'ਦੋ ਇਕ ਦਿਨਾਂ' ਨੂੰ ! ਜਿਹੜਾ ਮਹਿਮਾਨ ਆਉਂਦਾ ਏ, ਧਰਨਾ ਮਾਰ ਕੇ ਬੈਠ ਜਾਂਦਾ ਹੈ । ਉਨ੍ਹਾਂ ਨੂੰ ਹੋਰ ਕੀ ਚਾਹੀਦਾ ਏ — ਖੁਲ੍ਹਾ ਘਰ, ਖੁਲ੍ਹਾ ਖਾਣ ਪੀਣ ਨੂੰ । ਸਾਰੇ ਬਿਸਤਰੇ ਰਜ਼ਾਈਆਂ ਮਿੱਧ ਕੇ ਚਿੱਕੜ ਕਰ ਦੇਣਗੇ...

ਘਰ ਦੀ ਚਾਬੀ ਕਿਸ ਨੂੰ ਦੇ ਕੇ ਜਾਣਗੇ ?

ਦਲੀਪ — ਮੈਂ ਆਖਿਆ ਸੀ ਕਿ ਸਾਡੇ ਗਵਾਂਢੀ ਲਾਲਾ ਜਵਾਲਾ ਪ੍ਰਸ਼ਾਦ ਨੂੰ ਦੇ ਜਾਣ ।

ਨਿਰਮਲਾ — ਜਵਾਲਾ ਪ੍ਰਸ਼ਾਦ ਤਾਂ ਖ਼ੈਰ ਸ਼ਰੀਫ਼ ਆਦਮੀ ਏ, ਪਰ ਉਸ ਦੀ ਬੀਵੀ ਪੂਰੀ ਚੋਰ ਏ । ਦਸ ਦਿਨ ਹੋਏ ਮੈਂ ਰਤਾ ਘਰ ਤੋਂ ਬਾਹਰ ਨਿਕਲੀ, ਓਹ ਪਿਛੋਂ ਰਸੋਈ 'ਚੋਂ ਸੇਰ ਪੱਕਾ ਘਿਉ ਚੁਰਾ ਕੇ ਲੈ ਗਈ !

ਆਯਾ — ਬੀਬੀ ਜੀ ਤੁਹਾਡੇ ਪਿਛੋਂ ਘਰ ਵਿਚ ਪੰਜ ਗਏ ਤੇ ਦਸ ਆਏ — ਤਾਂਤਾ ਹੀ ਲਗਿਆ ਰਿਹਾ । ਚੀਜ਼ਾਂ ਦਾ ਕੋਈ ਥੌਹ ਈ ਨਹੀਂ ।

ਨਿਰਮਲਾ — (ਹੱਥ ਮਲ ਕੇ) ਮੈਂ ਤਾਂ ਹੁਣੇ ਘਰ ਦਾ ਸਾਰਾ ਰਾਸ਼ਨ ਮੰਗਾਇਆ ਸੀ ! ਪੂਰੇ ਮਹੀਨੇ ਲਈ ! ਪਿਛੋਂ ਬਿਮਲਾ ਨੇ ਪੂਰਾ ਕਰ ਦੇਣਾ ਏ ! ਮੇਰੇ ਕਪੜੇ ਵਾਰਡ ਰੋਬ ਵਿਚ ਉਥਲ ਪੁਥਲ ਕਰ ਦੇਵੇਗੀ । ਦੋ ਇਕ ਚੁੰਨੀਆਂ ਤਾਂ ਜ਼ਰੂਰ ਉੱਡ ਜਾਣਗੀਆਂ । ਸਲਵਾਰਾਂ ਦੀਆਂ ਤੇਹਾਂ ਟੁੱਟ ਜਾਣਗੀਆਂ। ਵੱਡੀ ਮੇਮਣੀ ! ਜਦੋਂ ਆਉਂਦੀ ਏ, ਹਰ ਚਾਹ ਪਾਰਟੀ ਉਤੇ ਮੇਰਾ ਸੂਟ ਪਾ ਕੇ ਜਾਂਦੀ ਏ । ਇਹ ਇਨ੍ਹਾਂ ਦੇ ਰਿਸ਼ਤੇਦਾਰ ਨੇ — ਮਾਮੇ ਦਾ ਪੁੱਤ ਤੇ ਭਾਬੀ !

ਦਲੀਪ — ਹੁਣ ਕੀ ਹੋ ਸਕਦਾ ਏ । ਲੈ, ਇਹ ਇਕ ਸੇਬ ਖਾ ਲੈ ।

[ਨਿਰਮਲਾ ਸੇਬ ਖਾਣ ਲਗਦੀ ਹੈ, ਇਕ ਦਮ ਉਸ ਨੂੰ ਕੁਝ ਯਾਦ ਆ ਗਿਆ ਹੋਵੇ ।

ਮੇਰੇ ਪੀਲੇ ਸੰਦੂਕ ਵਿਚੋਂ ਗਹਿਣੇ ਕਢਵਾ ਕੇ ਬੈਂਕ ਵਿਚ ਰਖਵਾ ਆਏ ਸੀ ਕਿ ਨਹੀਂ ?

ਦਲੀਪ — ਗਹਿਣੇ ? ਉਹ ਤਾਂ ਮੈਂ ਭੁਲ ਗਿਆ । ਪਰ ਕੋਈ ਫ਼ਿਕਰ ਨਾ

ਕਰ, ਉਸ ਨੂੰ ਤਾਲਾ ਲਗਿਆ ਹੋਇਆ ਐ ।

ਨਿਰਮਲਾ — ਚਵਾਨੀ ਵਾਲੀ ਜੰਦਰੀ, ਜੋ ਇਕ ਮੁਕੀ ਦੀ ਮਾਰ ਨਹੀਂ । ਹਾਏ ਰੱਬਾ, ਗਹਿਣੇ ਨਹੀਂ ਲਭਣੇ ! ਉਨ੍ਹਾਂ ਵਿਚ ਭੂਆ ਜੀ ਦਾ ਇਕ ਹਾਰ ਵੀ ਏ, ਤੀਹਾਂ ਤੋਲਿਆਂ ਦਾ । ਮੇਰੇ ਗਹਿਣਿਆਂ ਦੀ ਤਾਂ ਖ਼ੈਰ ਏ, ਪਰ ਉਨ੍ਹਾਂ ਦੇ ਹਾਰ ਦੇ ਪੈਸੇ ਕਿਵੇਂ ਭਰਾਂਗੇ ?

[ਸੇਬ ਮੇਜ਼ ਉਤੇ ਰਖ ਦੇਂਦੀ ਹੈ, ਤੇ ਪਰੇਸ਼ਾਨ ਹੋ ਕੇ ਖਲੋ ਜਾਂਦੀ ਹੈ ।

ਦਲੀਪ — ਥੋੜੇ ਦਿਨਾਂ ਤੀਕ ਵਾਪਸ ਚਲਾਂਗੇ ਤਾਂ ਸਭ ਠੀਕ ਹੋ ਜਾਵੇਗਾ ।

ਨਿਰਮਲਾ — ਥੋੜੇ ਦਿਨਾਂ ਤੀਕ ਉਥੇ ਤੁਹਾਡੇ ਲਈ ਸਤ-ਲੜਾ ਹਾਰ ਰਖਿਆ ਹੋਵੇਗਾ ਨਾ ? ਉਸ ਘਰ ਵਿਚ ਪਿਛੋਂ ਪਤਾ ਨਹੀਂ ਕੌਣ ਕੌਣ ਆਉਂਦਾ ਹੋਵੇਗਾ । ਰਹਿਦਾ ਕੋਈ ਏ, ਚਾਬੀ ਕਿਸੇ ਪਾਸ ਏ, ਜਾ ਕੇ ਕਿਸ ਨੂੰ ਫੜੋਗੇ ? ਲੋਕ ਤਾਂ ਮੈਨੂੰ ਈ ਪਾਗਲ ਆਖਣਗੇ ਨਾ ? ਹਾਏ ! ਮੇਰੀ ਮੱਤ ਨੂੰ ਕੀ ਹੋਇਆ ਸੀ ਜੁ ਘਰ ਨੂੰ ਇਸ ਤਰ੍ਹਾਂ ਖੁਲ੍ਹਾ ਡੁਲ੍ਹਾ ਛਡ ਕੇ ਸਿਰੀਨਗਰ ਦੌੜ ਆਈ !

ਦਲੀਪ — ਐਡੀ ਦੂਰ ਬੈਠੇ ਹੁਣ ਘਰ ਦਾ ਕੀ ਫ਼ਿਕਰ ਹੋ ਸਕਦਾ ਏ ? ਉਹ ਦੇਖ, ਧੁੰਦ ਪਹਾੜੀਆਂ ਦੀਆਂ ਢਲਵਾਨਾਂ ਉਤੇ ਰਿੜ੍ਹ ਰਹੀ ਹੈ । ਸੂਰਜ ਦੀਆਂ ਕਿਰਨਾਂ ਕਿਤੇ ਕਿਤੇ ਚਮਕ ਰਹੀਆਂ ਹਨ । ਕੁਝ ਦਿਨਾਂ ਤੀਕ ਬਰਫ਼ ਪਏਗੀ — ਕੁਕੜੀ ਦੇ ਖੰਭਾਂ ਵਰਗੀ ਚਿੱਟੀ ਚਿੱਟੀ ਬਰਫ਼......ਸਾਰੀ ਉਮਰ ਇਹ ਨਜ਼ਾਰਾ ਯਾਦ ਰਹੇਗਾ ।

ਨਿਰਮਲਾ — ਯਾਦ ਤਾਂ ਰਹੇਗਾ ਈ ! ਹਾਏ......ਮੇਰੇ ਗਹਿਣੇ ਤੇ ਭੂਆ ਜੀ ਦਾ ਤੀਹਾਂ ਤੋਲਿਆਂ ਦਾ ਹਾਰ ! ਪਹਾੜ ਤੇ ਆਉਣਾ ਹੋਵੇ ਤਾਂ ਬੰਦਾ ਪੂਰਾ ਬੰਦੋਬਸਤ ਕਰਕੇ ਆਵੇ । ਇਹ ਕੀ ਹੋਇਆ ਕਿ ਪਿਛੋਂ ਸਾਰਾ ਘਰ ਈ ਵੀਰਾਨ ਹੋ ਜਾਏ ।

ਦਲੀਪ — (ਚਿੜ ਕੇ) ਕਿਸ ਦਾ ਘਰ ਵੀਰਾਨ ਹੋ ਗਿਆ ?

ਨਿਰਮਲਾ — ਮੇਰਾ। ਕਮ-ਜ਼-ਕਮ ਮੈਂ ਘਰ ਬਰਬਾਦ ਨਹੀਂ ਕਰ ਸਕਦੀ। ਆਦਮੀ ਬੁਕੀਂ ਬੁਕੀਂ ਡੋਲ੍ਹੇ ਤਾਂ ਵੀ ਘਰ ਖ਼ਰਾਬ ਨਹੀਂ ਹੋ ਸਕਦਾ। ਪਰ ਤੀਵੀਂ ਜੇ ਸੂਈ ਸੂਈ ਕਰਕੇ ਵੀ ਕੁਰੇਦੇ ਤਾਂ ਚਾਰ ਦਿਨਾਂ ਵਿਚ ਈ ਘਰ ਦਾ ਪਟੜਾ ਹੋ ਜਾਂਦਾ ਏ।

ਦਲੀਪ — ਪੜ੍ਹੀ ਲਿਖੀ ਹੋ ਕੇ ਤੂੰ ਅਨਪੜ੍ਹਾਂ ਵਾਂਗ ਗੱਲ ਕਰ ਰਹੀ ਏਂ!

ਨਿਰਮਲਾ — ਪੜ੍ਹੀ ਲਿਖੀ ਦਾ ਮਤਲਬ ਇਹ ਨਹੀਂ ਕਿ ਮੈਂ ਘਰ ਦੀ ਸੰਭਾਲ ਨਾ ਕਰਾਂ। ਉਫ਼.. ਫ਼....ਫ਼। ਸਾਰੇ ਗਹਿਣੇ ਪੀਲੇ ਬਕਸ ਵਿਚ ਉਵੇਂ ਈ ਰਖ ਆਏ ਓ, ਤੇ ਭੂਆ ਜੀ ਦਾ ਤੀਹ ਤੋਲਿਆਂ ਦਾ ਹਾਰ! ਮੈਂ ਆਖਦੀ ਆਂ ਤੁਹਾਡੀ ਮੱਤ ਨੂੰ ਹੋਇਆ ਕੀ ਸੀ? ਕਿਤੇ ਆਉਣ ਜਾਣ ਲੱਗੇ ਤੁਹਾਨੂੰ ਹੱਥੋ ਹਥ ਕੀ ਪੈ ਜਾਂਦੀ ਏ?

ਦਲੀਪ — ਤੈਨੂੰ ਫ਼ਿਕਰ ਲਾ ਬੈਠਣ ਦੀ ਬਿਮਾਰੀ ਏ। ਮੈਂ ਐਡੀ ਸੋਹਣੀ ਥਾਂ ਆ ਕੇ ਘਰ ਦੇ ਆੜ ਕਬਾੜ ਦੀ ਚਿੰਤਾ ਨਹੀਂ ਕਰ ਸਕਦਾ।

ਨਿਰਮਲਾ — ਚਿੰਤਾ ਕਰਨ ਨੂੰ ਮੈਂ ਜੁ ਆਂ! ਏਸੇ ਤਰ੍ਹਾਂ ਮੇਰੇ ਸਿਰ ਦੇ ਵਾਲ ਚਿੱਟੇ ਹੋ ਜਾਣਗੇ। ਤੁਹਾਨੂੰ ਕੀ ਲੋੜ ਏ ਫਿਕਰ ਲਾਉਣ ਦੀ? (ਆਯਾ ਨੂੰ) ਤੂੰ ਤਾਂ ਧੌਲੇ ਝਾਟੇ ਵਾਲੀ ਐਂ, ਕੁਝ ਸਾਂਭ ਕੇ ਆਉਣਾ ਸੀ।, ਉਤੇ ਤਰ੍ਹਾਂ ਹੜਬੂ ਹੜਬੂ ਕਰਦੀ ਆ ਗਈ!

ਦਲੀਪ — ਹੁਣ ਗ਼ੁਸੇ ਹੋਣ ਦਾ ਕੀ ਫ਼ਾਇਦਾ? ਜਿੰਨੇ ਦਿਨ ਏਥੇ ਰਹਿਣਾ ਏ ਚੈਨ ਨਾਲ ਰਹੀਏ। ਬਾਹਰ ਧੁਪ ਕਿੰਨੀ ਸੋਹਣੀ ਨਿਕਲ ਆਈ ਏ! ਜੇਹਲਮ ਦੇ ਪਾਣੀ ਉਤੇ ਸੂਰਜ ਦੀਆਂ ਕਿਰਨਾਂ ਸੂਈਆਂ ਵਾਂਗ ਤੋਪੇ ਭਰ ਰਹੀਆਂ ਨੇ।

ਨਿਰਮਲਾ — ਮੈਨੂੰ ਤਾਂ ਰਾਤ ਨੂੰ ਨੀਂਦ ਨਹੀਂ ਆਉਣੀ। ਮਾਮਾ ਜੀ ਦੇ

ਰੁਪਏ ਦੇਣੇ ਸਨ, ਉਸ ਵੇਲੇ ਵੀ ਮੈਨੂੰ ਈ ਬਿਪਤਾ ਸੀ। ਮੈਂ ਈ ਰਾਤ ਦਿਨ ਇਕ ਕਰਕੇ ਘਰ ਦੇ ਖ਼ਰਚ ਤੋਂ ਬਚਾ ਬਚਾ ਉਨ੍ਹਾਂ ਦਾ ਉਧਾਰ ਲਾਹਿਆ ਸੀ। ਮੈਂ ਏਥੇ ਸਿਰੀਨਗਰ ਕਿਵੇਂ ਬੈਠੀ ਰਵ੍ਹਾਂ, ਜਦ ਪਿਛੋਂ ਘਰ ਦਾ ਮੂੰਹ ਮੱਥਾ ਵਿਗੜਿਆ ਹੋਵੇ। ਕਬੀਲਦਾਰਾਂ ਨੂੰ ਤਾਂ......

ਦਲੀਪ — ਮੈਂ ਏਥੇ ਕਮ-ਜ਼-ਕਮ ਇਕ ਹਫ਼ਤਾ ਰਵ੍ਹਾਂਗਾ।

ਨਿਰਮਲਾ — ਇਕ ਹਫਤਾ ?

ਦਲੀਪ — ਸੈਂਕੜੇ ਹਜ਼ਾਰਾਂ ਮੀਲਾਂ ਦਾ ਸਫ਼ਰ, ਖ਼ੂਬਸੂਰਤ ਵਾਦੀ, ਝੀਲ, ਪਹਾੜ। ਏਥੇ ਮੈਂ ਘਰ ਦੇ ਬਖੇੜਿਆਂ ਵਿਚ ਨਹੀਂ ਫਸਣਾ ਚਾਹੁੰਦਾ।

ਬਿਕਰਮ — ਨਿਰਮਲਾ, ਤੂੰ ਬੜੀ ਅਜੀਬ ਏਂ।

ਨਿਰਮਲਾ — ਮੈਂ ਤੇਰੇ ਵਰਗੀ ਕਲਾਕਾਰ ਨਹੀਂ। ਮੈਨੂੰ ਘਰ ਦਾ ਫ਼ਿਕਰ ਏ, ਤੇਰੇ ਵਾਂਗ ਮੈਂ ਆਸਮਾਨ ਵਿਚ ਨਹੀਂ ਉੱਡਦੀ।

ਬਿਕਰਮ — ਪਰ ਹੁਣ ਇਤਨਾ ਖਿੱਝਣ ਦੀ ਕੀ ਲੋੜ ਏ ?

ਦਲੀਪ — ਦਸ ਪੰਜ ਦਿਨ ਰਹਿਣ ਪਿਛੋਂ ਚਲੇ ਚਲਾਂਗੇ, ਫ਼ਿਕਰ ਤਾਂ ਕਦੇ ਖ਼ਤਮ ਹੀ ਨਹੀਂ ਹੁੰਦੇ।

ਨਿਰਮਲਾ — ਮੈਂ ਇਥੇ ਦਸ ਦਿਨ ਹੋਰ ਨਹੀਂ ਠਹਿਰ ਸਕਦੀ। ਜੇ ਠਹਿਰਨਾ ਈ ਸੀ ਤਾਂ ਘਰ ਦਾ ਕੁਝ ਬੰਦੋਬਸਤ ਕਰਕੇ ਆਉਣਾ ਸੀ। ਮੈਂ......ਮੈਂ ਛੇਤੀ ਤੋਂ ਛੇਤੀ ਦਿੱਲੀ ਪਹੁੰਚਣਾ ਚਾਹੁੰਦੀ ਆਂ। ਮੈਨੂੰ ਰਾਤ ਨੂੰ ਨੀਂਦ ਨਹੀਂ ਆਉਣੀ। ਉਫ਼......ਫ਼......ਫ਼, ਸਾਰੇ ਦੇ ਸਾਰੇ ਗਹਿਣੇ ! ਤੀਹ ਤੋਲੇ ਦਾ ਹਾਰ ਵੀ ! ਕੋਈ ਮੇਰੀ ਅਕਲ ਨੂੰ ਕੀ ਆਖੇਗਾ ? ਕਲ੍ਹ ਨੂੰ ਹੀ ਜਾਣਾ ਪਵੇਗਾ।

ਦਲੀਪ — ਕਿਵੇਂ ਜਾ ਸਕਦੇ ਆਂ ?

ਨਿਰਮਲਾ — ਕਿਉਂ ਨਹੀਂ ? ਜ਼ਰੂਰ ਜਾਣਾ ਪਵੇਗਾ !

ਦਲੀਪ — ਬਿਲਕੁਲ ਨਹੀਂ ।

ਨਿਰਮਲਾ — ਨਹੀਂ ਜਾਣਾ ?

ਦਲੀਪ — ਨਹੀਂ ।

ਨਿਰਮਲਾ — ਨਹੀਂ ?

ਦਲੀਪ — ਨਹੀਂ ।

ਨਿਰਮਲਾ — ਅੱਛਾ, ਫਿਰ ਮੈਂ ਚਲੀ ਜਾਵਾਂਗੀ !

ਦਲੀਪ — (ਚਿੜ ਕੇ) ਤੂੰ ਜਾਣਾ ਏ ਤਾਂ ਚਲੀ ਜਾ, ਮੈਂ ਨਹੀਂ ਜਾ ਸਕਦਾ ।

ਨਿਰਮਲਾ — ਉਹ ਤਾਂ ਮੈਨੂੰ ਨਜ਼ਰ ਈ ਆਉਂਦਾ ਏ । ਇਹ ਮੁਸੀਬਤ ਤਾਂ ਮੈਨੂੰ ਇਕੱਲੀ ਨੂੰ ਝਲਣੀ ਪਵੇਗੀ, ਤੁਹਾਨੂੰ ਕੀ ? ਮਜ਼ੇ ਨਾਲ ਸੇਬ ਖਾਓ, ਟਰਾਊਟ ਫੜੋ ਤੇ ਸ਼ਹਿਦ ਚੱਟੋ ! ਗੁੱਡੂ ਨੂੰ ਵੀ ਆਪਣੇ ਪਾਸ ਰੱਖੋ, ਮੈਂ ਇਕੱਲੀ ਹੀ ਦਿੱਲੀ ਚਲੀ ਜਾਵਾਂਗੀ ।

ਬਿਕਰਮ — ਪਾਗਲ ਹੋਈ ਏਂ ?

ਨਿਰਮਲਾ — ਤੁਸੀਂ ਮੈਨੂੰ ਪਾਗਲ ਕਰ ਦੇਵੋਗੇ । ਮੈਂ ਇਥੇ ਨਹੀਂ ਰਹਿ ਸਕਦੀ । ਕਲ੍ਹ ਜ਼ਰੂਰ ਦਿੱਲੀ ਚਲੀ ਜਾਵਾਂਗੀ । ਗ਼ੁਫਾਰਾ, ਗ਼ਫਾਰਾ !

[ਗ਼ੁਫਾਰਾ ਦੌੜਦਾ ਆਉਂਦਾ ਹੈ ।]

ਗ਼ਫਾਰਾ — ਕਿਉਂ ਮੇਮ ਸਾਹਬ, ਚਾਏ ਔਰ ਚਾਹੀਏ ?

ਨਿਰਮਲਾ — ਨਹੀਂ, ਨਹੀਂ ! ਦੌੜ ਕੇ ਜਾ ਤੇ ਦਰਜ਼ੀ ਤੋਂ ਮੇਰਾ ਸੂਟ ਲੈ ਆ । ਉਸ ਨੂੰ ਆਖ ਅਜ ਸ਼ਾਮ ਨੂੰ ਸੂਟ ਜ਼ਰੂਰ ਤਿਆਰ ਕਰ ਦੇਵੇ, ਮੈਂ ਕਲ੍ਹ ਦਿੱਲੀ ਜਾ ਰਹੀ ਆਂ ।

ਗ਼ੁਫਾਰਾ — ਲੇਕਿਨ ਹਜ਼ੂਰ —

ਨਿਰਮਲਾ — ਦੌੜ ਕੇ ਜਾ ! ਫਿਰ ਆ ਕੇ ਮੇਰੇ ਕਪੜਿਆਂ ਨੂੰ ਇਸਤਰੀ

ਕਰ ਤੇ ਸ਼ਾਮ ਤੀਕ ਮੇਰਾ ਸਾਰਾ ਸਾਮਾਨ ਤਿਆਰ ਕਰ ਦੇ । ਸਮਝਿਆ ? ਮੈਂ ਵਾਪਸ ਦਿੱਲੀ ਜ਼ਰੂਰ ਪੁਜਣਾ ਏ । ਵੇ ਠਹਿਰ! ਨਸਿਆ ਕਿਧਰ ਜਾਣਾ ਏਂ ? ਸੁਣ ਤਾਂ ਜਾ । ਰਮਜ਼ਾਨ ਜੂ ਦੀ ਦੁਕਾਨ ਤੋਂ ਮੇਰੇ ਜੁੱਤੇ, ਮੁਖਤੀ ਦੇ ਘਰੋਂ ਮੇਰਾ ਨਵਾਂ ਖ਼ਰੀਦਿਆ ਸਮਾਵਾਰ, ਤੇ ਅਲੀਜੂ ਦੀ ਦੁਕਾਨੋਂ ਸਪਾਰੀਆਂ ਕੱਟਣ ਵਾਲਾ ਸਰੋਤਾ । ਸਾਰੀਆਂ ਚੀਜ਼ਾਂ ਸ਼ਾਮ ਤੀਕ ਇਕੱਠੀਆਂ ਕਰ ਦੇਵੀਂ ਤੇ ਸਾਂਭ ਕੇ ਬੰਨ੍ਹ ਦੇਵੀਂ ।

[ਬਿਕਰਮ ਤੇ ਦਲੀਪ ਚਾਹ ਦੇ ਪਿਆਲੇ ਫੜੀ ਬੈਠੇ ਹਨ । ਨਿਰਮਲਾ ਬੁਖ਼ਾਰੀ ਦੇ ਕੋਲ ਖਿੜਕੀ ਨਾਲ ਲਗੀ ਖੜੀ ਹੈ । ਬਾਹਰੋਂ ਗ਼ੁਫਾਰੇ ਦੀ ਬੀਵੀ ਦੌੜਦੀ ਆਉਂਦੀ ਹੈ ।

ਜ਼ੂਨੀ — ਮੇਮ ਸਾਹਬ, ਮੇਮ ਸਾਹਬ ! ਆਪ ਕੇ ਲੀਏ ਟਰਾਊਟ ਮੱਛੀ ਲਾਈ ਹੂੰ । ਯਿਹ ਲੋ ।

[ਨਿਰਮਲਾ ਮੱਛੀ ਫੜ ਲੈਂਦੀ ਹੈ । ਖਿੜਕੀ ਖੋਲ੍ਹਦੀ ਹੈ ਤੇ ਤੜਫਦੀ ਹੋਈ ਮੱਛੀ ਨੂੰ ਦਰਿਆ ਵਿਚ ਸੁਟ ਦੇਂਦੀ ਹੈ । ਤਿੰਨੇ ਹੱਕੇ ਬੱਕੇ ਉਸ ਵਲ ਤੱਕਦੇ ਹਨ ।

ਪਰਦਾ